# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ
# ਪੰਜਾਬ ਐਸ.ਸੀ.ਓ.ਨੰ:104-106, ਸੈਕਟਰ 34-ਏ, ਚੰਡੀਗੜ੍ਹ।

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਪੰਜਾਬ।

ਮੀਮੋ ਨੰ:ਏ.ਐਸ.ਪੀ.ਡੀ.(ਐਮ.ਸੀ)/ਐਸ.ਐਸ.ਏ/2009/81374-81393
ਮਿਤੀ,ਚੰਡੀਗੜ੍ਹ 29.12.09

**ਵਿਸ਼ਾ:-ਜਮਾਤ ਤੀਸਰੀ ਅਤੇ ਚੌਥੀ ਦੇ ਦਸੰਬਰ ਪ੍ਰੀਖਿਆ ਲੈਣ ਸਬੰਧੀ।**
**ਹਵਾਲਾ:-ਐਸ.ਐਸ.ਏ./ਐਮ.ਸੀ./2009/76895-915 ਮਿਤੀ 25.11.09 ਚੰਡੀਗੜ੍ਹ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਤੀਸਰੀ ਅਤੇ ਚੌਥੀ ਜਮਾਤ ਦੇ ਦਸੰਬਰ ਮਹੀਨੇ ਦੀ ਜੋ ਪ੍ਰੀਖਿਆ ਪੰਜਵੀਂ ਜਮਾਤ ਦੇ ਨਾਲ ਲਈ ਜਾਣੀ ਸੀ ਉਸ ਦੇ ਸਬੰਧ ਵਿੱਚ ਬੀ.ਪੀ.ਈ.ਓ. ਵੱਲੋਂ ਆਪਣੇ ਪੱਧਰ ਤੇ ਪੇਪਰਾਂ ਨੂੰ ਪ੍ਰਿੰਟ ਕਰਵਾ ਕੇ ਸਕੂਲ ਮੁਖੀਆਂ ਤੋਂ ਇਹਨਾਂ ਪੇਪਰਾਂ ਦੇ ਪੈਸੇ ਇਕੱਤਰ ਕੀਤੇ ਜਾ ਰਹੇ ਹਨ ਜੋ ਕਿ ਵਿਭਾਗ ਵੱਲੋਂ ਭੇਜੀਆਂ ਗਈਆਂ ਹਦਾਇਤਾਂ ਦੇ ਬਿਲਕੁਲ ਉੱਲਟ ਹੈ। ਜਦ ਕਿ ਪੱਤਰ ਵਿੱਚ ਇਹ ਸਪੱਸ਼ਟ ਕੀਤਾ ਗਿਆ ਸੀ ਕਿ ਇਸ ਦੇ ਪ੍ਰਸ਼ਨ ਪੱਤਰ ਸਕੂਲ ਅਧਿਆਪਕਾਂ ਵੱਲੋਂ ਆਪਣੇ ਪੱਧਰ ਤੇ ਹੀ ਤਿਆਰ ਕਰਕੇ ਤੀਸਰੀ ਅਤੇ ਚੌਥੀ ਜਮਾਤ ਦੀ ਪ੍ਰੀਖਿਆ ਲਈ ਜਾਵੇ।

3.0 ਜੇਕਰ ਤੁਹਾਡੇ ਜ਼ਿਲ੍ਹੇ ਅੰਦਰ ਕਿਸੇ ਵੀ ਬੀ.ਪੀ.ਈ.ਓ. ਵੱਲੋਂ ਜਾਂ ਫਿਰ ਆਪ ਜੀ ਵੱਲੋਂ ਪੇਪਰਾਂ ਨੂੰ ਪ੍ਰਿੰਟ ਕਰਵਾ ਕੇ ਸਕੂਲਾਂ ਅੰਦਰ ਵੰਡਿਆ ਗਿਆ ਹੈ ਅਤੇ ਉਸ ਦੇ ਪੈਸੇ ਸਕੂਲ ਅਧਿਆਪਕਾਂ ਤੋਂ ਇਕੱਤਰ ਕੀਤੇ ਗਏ ਹਨ ਤਾਂ ਉਸ ਦੀ ਰਿਪੋਰਟ ਇਕ ਹਫ਼ਤੇ ਦੇ ਅੰਦਰ-ਅੰਦਰ ਮੁੱਖ ਦਫ਼ਤਰ ਨੂੰ ਕੀਤੀ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**